ਕੌੜਾ ਘੁੱਟ (2)

ਗੁਰਪਾਲ ਸਿੰਘ ਨੂਰ

(ਲਗੇ ਜੋੜਨ ਲਈ ਪਿਛਲਾ ਅੰਕ ਵੇਖੋ)

"ਨਹੀਂ, ਮੇਰਾ ਵਕੀਲ ਕੀਹਨੇ ਕਰਨਾ ਸੀ ? ਮੇਰੇ ਤਾਂ ਪੱਲੇ ਅਤੇ ਸਹੁਰੇ ਦੇਵੇਂ ਹੀ ਮਰ ਗਏ ਨੇ। ਕੜਲ ਕਰਨ ਉਪਰੰਤ ਜਦ ਮੈਂ ਰਾਮਪੁਰੇ ਅਪਣੇ ਮਾਮਿਆਂ ਕੋਲ ਗਈ ਤਾਂ ਉਨ੍ਹਾਂ ਨੇ ਮੇਰੀ ਮਦਦ ਕਰਨ ਦੀ ਥਾਂ ਮੈਨੂੰ ਪੁਲਿਸ ਹਵਾਲੇ ਕਰ ਦਿਤਾ।

"ਤੇਰੀ ਮੁਲਾਕਾਤ ਲਈ ਵੀ ਕੋਈ ਨਹੀਂ ਆਇਆ ?" ਹੋਰਾਨ ਹੁੰਦਿਆਂ ਮੈਂ ਪੁਛਿਆ।

"ਮਾਂ ਆਈ ਸੀ, ਮੇਰੇ ਮਾਮੇ ਨੂੰ ਨਾਲ ਲੈ ਕੇ, ਪਰ ਮੈਂ ਮੁਲਾਕਾਤ ਕਰਨ ਤੋਂ ਇਨਕਾਰ ਕਰ ਦਿਤਾ ਸੀ।"

"ਉਹ ਕੌਣ ਸੀ ਜਿਸ ਦਾ ਤੂੰ ਕੜਲ ਕੀਤਾ ?" ਉਸ ਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਮੈਂ ਪੁਛਿਆ, "ਤੇਰਾ ਚਾਚਾ ਤਾਂ ਉਸ ਨੂੰ ਮਹਾਂਪੁਰਸ਼ ਦਸਦਾ ਸੀ।"

"ਵੀਰ ਜੀ, ਸਮਾਜ ਵਿਚ ਗੰਦਗੀ ਫੈਲਾਉਣ ਵਾਲੇ ਅਜਿਹੇ ਢੋਗੀ ਬਾਬਿਆਂ ਪ੍ਰਤੀ ਅੰਨ੍ਹੀ ਸ਼ਰਧਾ ਰੱਖਣ ਵਾਲੇ ਲੋਕਾਂ ਨੂੰ ਹੀ ਉਸ ਨੂੰ ਮਹਾਂਪੁਰਸ਼ ਬਣਾਇਆ ਹੋਇਆ ਸੀ। ਦਰਅਸਲ ਮੇਰੇ ਸਹੁਰੇ ਪਿੰਡ ਕਿਸ਼ਨਪੁਰੇ ਸਾਧਾਂ ਦਾ ਇਕ ਪੁਰਾਤਨ ਡੇਰਾ ਹੈ। ਪਹਿਲਾਂ ਉਸ ਨੂੰ ਲੋਕ ਤਕੀਆ ਕਿਹਾ ਕਰਦੇ ਸਨ। ਉਥੇ ਹਿਕਮਤ ਜਾਣਨ ਵਾਲੇ ਕਿਸੇ ਸਾਧੂ ਮਹਾਤਮਾ ਤਾਂ ਗੁਜ਼ਰ ਗਏ ਸਨ ਪਰ ਉਨ੍ਹਾਂ ਦੀ ਯਾਦ ਵਿਚ ਹਰ ਸਾਲ ਭਾਦਵਾਂ ਤਾਂ ਮੱਸਿਆ ਨੂੰ ਹੁਣ ਵੀ ਉਥੇ ਮੇਲਾ ਲਗਦਾ ਹੈ।"

"ਸੀਮਾ !" ਉਸ ਦੀ ਗੱਲ ਟੋਕਦਿਆਂ ਮੈਂ ਪੁਛਿਆ, "ਤੂੰ ਉਸ ਬਾਬੇ ਦੀ ਗੱਲ ਕਰ ਜਿਸ ਦਾ ਤੈਨੂੰ ਕੜਲ ਕਰਨਾ ਪਿਆ।"

"ਇਸ ਬਾਬੇ ਦਾ ਨਾ ਭੋਰੇ ਸੀ। ਇਹ ਮੱਡਿਆਂ ਦੀਆਂ ਦਾੜਾਂ ਵੀ ਦਿਆ ਕਰਦਾ ਸੀ। ਕਸਰ ਵਾਲਿਆਂ 'ਚੋਂ ਭੂਤ-ਪ੍ਰੇਤ ਵੀ ਕਢਿਆ ਕਰਦਾ ਤੇ ਉਹ ਇਲਾਕੇ ਵਿਚ ਤਤਾਰੀਆਂ ਵਾਲੇ ਬਾਬੇ ਦੇ ਨਾਂ ਨਾਲ ਮਸ਼ਹੂਰ ਸੀ।"

"ਸੀਮਾ ! ਤੰਰਾ ਉਸ ਨਾਲ ਵਾਹ ਕਿਵੇਂ ਪਿਆ ?" ਮੈਂ ਕੜਲ ਦਾ ਅਸਲ ਕਾਰਨ ਲੱਭਣ ਦੇ ਯਤਨ ਵਿਚ ਸਾਂ।

"ਮੇਰੇ ਮਾਪੇ ਬਾਬੇ ਦੇ ਸ਼ਰਧਾਲੂ ਸਨ। ਉਹ ਹਰ ਮੱਸਿਆ ਨੂੰ ਭੋਰੇ ਆਇਆ ਕਰਦੇ ਸਨ, ਪੁੱਤਰ ਦੀ ਦਾਤ ਮੰਗਣ। ਇਕ ਵਾਰ ਉਨ੍ਹਾਂ ਨੇ ਮੇਰੇ ਗਿਡੜ ਬਾਰੇ ਉਸ ਕੋਲ ਗੱਲ ਚਲਾਈ। ਬਾਬੇ ਨੇ ਅਪਣੇ ਇਕ ਚੇਲੇ ਚਪਟੇ ਰੋਸ਼ਨ ਲਈ, ਜੋ ਕਿਸ਼ਨਪੁਰੇ ਦਾ ਹੀ ਰਹਿਣ ਵਾਲਾ ਸੀ, ਮੇਰਾ ਹੱਥ ਮੰਗ ਲਿਆ। ਉਸ ਨੇ ਮੇਰੀ ਮਾਂ ਨੂੰ ਇਹ ਕਹਿ ਕੇ ਭਰਮਾ ਲਿਆ ਸੀ ਕਿ 'ਦੋ ਕੁ ਸਾਲ ਹੋ ਗਏ, ਵਿਦੇਸ਼ ਦੇਰੇ ਸਮੇਂ ਅਸੀ ਰੋਸ਼ਨ ਨੂੰ ਬਾਹਰ ਸੈਟ ਕਰ ਆਏ ਸੀ। ਮੁੰਡਾ ਸਾਊ ਏ, ਕਮਾਊ ਏ, ਮੰਜ ਕਰੰਗੀ ਤੁਹਾਡੀ ਧੀ, ਡਾਲਰਾਂ 'ਚ ਖੇਡੂਗੀ ਅਤੇ ਧਰ-ਧਰ ਡੁੱਲੇਗੀ। ਉਹ ਮਹੀਨੇ ਕੁ ਤਕ ਆਉਣ ਵਾਲਾ ਹੈ। ਰੋਸ਼ਨ ਸਾਡਾ ਧਰਮ ਪੁੱਤਰ ਹੀ ਸਮਝੋ, ਵਿਆਹ ਵੀ ਉਸ ਦਾ ਅਸੀ ਹੀ ਕਰਨਾ ਹੈ। ਤੁਸੀ ਵੀ ਕਿਹੜਾ ਹੁਣ ਸਾਡੇ ਲਈ ਓਪਰੇ ਹੋ। ਜਿਹੋ ਜਹੀ ਤੁਹਾਡੀ ਧੀ, ਉਹੋ ਜਹੀ ਸਾਡੀ।"

ਮੇਰੇ ਘਰ ਦਿਆਂ ਨੇ ਬਾਬੇ ਦੀਆਂ ਮੱਸਠਗਣੀਆਂ ਨੂੰ ਇਲਾਹੀ ਬਚਨ ਸਮਝਿਆ ਤੇ ਮੇਰਾ ਰਿਸ਼ਤਾ ਪੱਕਾ ਕਰ ਦਿਤਾ। ਮੇਰੀ ਬਲੀ ਦੇਣ ਲਈ ਮੈਨੂੰ ਵੀ ਰਾਜ਼ੀ ਕਰ ਲਿਆ ਗਿਆ ਸੀ।"

"ਸੀਮਾ ਵਿਆਹ ਉਪਰੰਤ ਤੇਰੇ ਨਾਲ ਬਾਬੇ ਦਾ ਸਬੰਧ ਕਿਵੇਂ ਜੁੜਿਆ ?" ਅਜਿਹੇ ਸਵਾਲ ਤੋਂ ਸੰਕੋਚ ਕਰਦੇ ਹੋਏ ਵੀ ਮੈਂ ਪੁੱਛ ਹੀ ਲਿਆ ਸੀ।

"ਵੀਰ ਜੀ, ਮੇਰੀ ਸੱਸ ਨੇ ਲੰਮੇ ਸਮੇਂ ਤੋਂ ਡੇਰੇ ਦੀ ਸੇਵਾ ਸੰਭਾਲੀ ਹੋਈ ਸੀ, ਜਿਸ ਬਦਲੇ ਬਾਬੇ ਨੇ ਮੇਰੇ ਪਤੀ ਨੂੰ ਮੁਫ਼ਤ ਦੀ ਮੁਫ਼ਤੀ ਬਾਹਰਲੇ ਦੇਸ਼ ਭਿਜਵਾ ਦਿਤਾ ਸੀ। ਸ਼ਾਇਦ ਇਸ ਅਹਿਸਾਨ ਥੱਲੇ ਦੱਬੇ ਹੋਏ ਉਹ ਦੋਵੇਂ ਡੇਰੇ ਅੰਦਰ ਹੋ ਰਹੇ ਕੁਕਰਮਾਂ ਅਤੇ ਵਿਭਚਾਰਾਂ ਤੋਂ ਅੱਖਾਂ ਬੰਦ ਕਰੀ ਬੈਠੇ ਸਨ। ਮੇਰੇ ਸਹੁਰੇ ਨੂੰ ਡੇਰੇ ਅੰਦਰ ਦਵਾਲੀਆਂ ਰਗਡ਼ਨ ਲਈ ਚੰਗਿਆੜੀ ਹੋਇਆ ਸੀ, ਜਿਥੋਂ ਉਸ ਦੇ ਨਸ਼ੇ ਪੱਤੇ ਦਾ ਡੰਗ ਵੀ ਸਰੀ ਜਾਂਦਾ ਸੀ। ਪਿੰਡ ਵਿਚ ਸਹੁਰਿਆਂ ਦਾ ਜੱਦੀ ਮਕਾਨ ਵੀ ਸੀ, ਪਰ ਉਥੇ ਉਹ ਕੇਵਲ ਰਾਤ ਕੱਟਣ ਹੀ ਜਾਇਆ ਕਰਦੇ ਸਨ।"

"ਸੀਮਾ ! ਤੂੰ ਪੜ੍ਹੀ-ਲਿਖੀ ਹੋ ਕੇ ਵੀ ਉਸ ਦੀਆਂ ਗੱਲਾਂ ਵਿਚ ਕਿਵੇਂ ਆ ਗਈ ?" ਮੈਂ ਢੱਹਿਆ ਹੋਇਆ ਹੀ ਹੁਣ ਮੇਰੇ ਨਾਲ ਕੁੱਝ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਈ ਸੀ।

"ਬਾਬੇ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਸੁਣ ਕੇ ਹਰ ਕੋਈ ਉਸ ਦੇ ਰੰਗ ਵਿਚ ਰੰਗਿਆ ਜਾਂਦਾ ਸੀ। ਦੁੱਧ ਚਿੱਟੀ ਦਿਖ ਵਾਲੇ ਬੰਦੇ ਵਿਚਲੀ ਮੈਲ ਦੀ ਪਰਖ ਕਰਨ ਲਈ ਖੁੱਲ੍ਹੇ ਸਮੇਂ ਦੀ ਲੋੜ ਹੁੰਦੀ ਏ। ਜਿਹੜੇ ਕਾਲੇ-ਚਿੱਟੇ ਚੋਲਿਆਂ ਵਾਲੇ ਬਗਲਿਆਂ ਦੀਆਂ ਕਰਤੂਤਾਂ ਦਾ ਤਾਂ ਉਨ੍ਹਾਂ ਦੇ ਨਿਕਟ ਰਹਿ ਕੇ ਹੀ ਪਤਾ ਲਗਦੈ। ਵੀਰ ਜੀ, ਗੱਲ ਇਸ ਤਰ੍ਹਾਂ ਹੋਈ ਕਿ.... ਬਾਬੇ ਦੇ ਡੇਰੇ ਦੀ ਸੇਵਾਦਾਰਨੀ ਭਾਗਵੰਤੀ ਯਾਨੀ ਮੇਰੀ ਸੱਸ ਦਾ ਅਚਾਨਕ ਡਿੱਗ ਕੇ ਚੂਲਾ ਟੁੱਟ ਗਿਆ। ਉਹ ਮੰਜੇ 'ਤੇ ਪੈ ਗਈ ਅਤੇ ਮਜਬੂਰੀ ਅਧੀਨ ਡੇਰੇ ਦੀ ਸੇਵਾ ਮੈਨੂੰ ਸੰਭਾਲਣੀ ਪੈ ਗਈ। ਮੈਂ ਜਦ ਪਹਿਲੇ ਦਿਨ ਸੇਵਾ 'ਤੇ ਹਾਜ਼ਰ ਹੋਈ, ਬਾਬਾ ਮੈਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ। ਪ੍ਰਸੰਨ-ਚਿਤ ਹੋ ਕੇ ਉਸ ਨੇ ਮੈਨੂੰ ਅਸ਼ੀਰਵਾਦ ਦਿਤਾ। 'ਜਦਾਂ ਸੁਖੀ ਰਹੋ ਬੱਚੀ' ਕਹਿੰਦਿਆਂ ਤੇ ਮੇਰਾ ਸਿਰ ਪਲੋਸ ਕੇ ਉਹਨੇ ਮੈਨੂੰ ਗੁਫ਼ਾ ਦੇ ਦਰਵਾਜ਼ੇ ਮੂਹਰੇ ਪਈ ਕੁਰਸੀ 'ਤੇ ਬਿਠਾ ਦਿਤਾ ਅਤੇ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਆਦਰ ਸਹਿਤ ਫਾਰੀ-ਫਾਰੀ ਅੰਦਰ ਭੇਜਣ ਦੀ ਮੇਰੀ ਡਿਊਟੀ ਲਾਈ ਗਈ ਜਿਸ ਬਦਲੇ ਕਦੇ-ਕਦੇ ਉਹ ਮੈਨੂੰ ਜਿਨਾਂ ਗਿਣਿਆਂ ਮਣਿਆ ਵੀ ਦੇ ਦਿਆ ਕਰਦਾ ਸੀ।"

"ਇਸ ਦਾ ਮਤਲਬ ਹੈ ਕਿ ਤੂੰ ਖ਼ੁਦ ਹੀ ਉਸ ਦੇ ਮਾਇਆ ਜਾਲ ਵਿਚ ਫੱਸ ਗਈ ?" ਮੈਂ ਮਿਨੀ ਜਹੀ ਟਕੋਰ ਮਾਰੀ।

"ਨਹੀਂ ਵੀਰ ਜੀ, ਉਸ ਦੀ ਡੈਡੀ ਨੀਅਤ 'ਤੇ ਬੰਕ ਮੈਨੂੰ ਉਸੇ ਦਿਨ ਪੈ ਗਿਆ ਸੀ, ਜਦੋਂ ਇਕ ਵਾਰ ਉਸ ਨੇ ਮੈਨੂੰ ਸ਼ਰਬਤ ਦਾ ਗਲਾਸ ਪੀਣ ਲਈ ਦਿਤਾ, ਜਿਸ ਨੂੰ ਉਹ 'ਅਨੰਦ ਰਸ' ਕਹਿਦਾ ਸੀ। ਦੋ-ਚਾਰ ਮਿੰਟਾਂ ਵਿਚ ਹੀ ਮੈਨੂੰ ਕੋਈ ਸੁਰਤ ਨਾ ਰਹੀ, ਜਦ ਹੋਸ਼ ਆਈ ਤਾਂ ਮੈਨੂੰ ਮੇਰੇ ਗੁਪਤ ਅੰਗਾਂ ਤੋਂ ਅਨੁਭਵ ਹੋਇਆ ਜਿਵੇਂ ਮੇਰੇ ਨਾਲ ਕਾਮੁਕ ਛੇੜ-ਛਾੜ ਕੀਤੀ ਗਈ ਹੋਵੇ। ਮੈਂ ਘਰ ਜਾ ਕੇ ਅਪਣੀ ਸੱਸ ਨੂੰ ਦੱਸਿਆ ਕਿ ਗੁਫ਼ਾ ਵਿਚ ਮੇਰੇ ਨਾਲ ਆਤਮਾ ਕੰਮ ਕੀਤਾ ਗਿਐ ਮੈਨੂੰ ਬੇਹੋਸ਼

ਕਰ ਕੇ, ਪਰ ਉਸ ਨੇ ਪੋਰਾਂ 'ਤੇ ਪਾਣੀ ਨਾ ਪੈਣ ਦਿਤਾ ਅਤੇ ਬਾਬੇ ਪ੍ਰਤੀ ਕੀਤੀ ਗਈ ਮੇਰੀ ਟਿੱਪਣੀ ਨੂੰ ਬਹੁਤ ਵੱਡਾ ਅਪਰਾਧ ਦੱਸ ਕੇ ਮੈਨੂੰ ਚੁੱਪ ਕਰਾ ਦਿਤਾ ਗਿਆ।"

"ਮੱਸਿਆ 'ਤੇ ਆਏ ਚਾਚੇ ਅਤੇ ਮੇਰੀ ਮਾਂ ਨੂੰ ਜਦੋਂ ਮੈਂ ਇਹ ਭਰਮਾਨਕ ਘਟਨਾ ਦੱਸੀ ਤਾਂ ਉਨ੍ਹਾਂ ਨੇ ਵੀ ਮੇਰੀ ਗੱਲ ਦਾ ਯਕੀਨ ਨਾ ਕਰਦਿਆਂ ਕਿਹਾ, "ਮਹਾਂਪੁਰਸ਼ਾਂ ਲਈ ਅਜਿਹਾ ਸੋਚਣਾ ਵੀ ਪਾਪ ਹੁੰਦੈ, ਤੇਰੀ ਤਾਂ ਮੱਤ ਹੀ ਮਾਰੀ ਗਈ ਜਾਪਦੀ ਏ। ਲਗਦੈ ਡੇਰੇ ਤੋਂ ਵੱਢੇ ਜਾਣ ਵਾਲੇ ਰੁੱਗਾ ਦਾ ਤੇਰੇ 'ਤੇ ਵੀ ਅਸਰ ਹੋ ਗਿਐ।" ਬਦਚਲਨ ਬਾਬੇ ਦੇ ਗੰਦੇ ਵਰਤਾਰੇ ਸਬੰਧੀ ਮੈਂ ਅਪਣੇ ਪਤੀ ਨਾਲ ਵੀ ਗੱਲ ਕਰਨੀ ਚਾਹੀ, ਪਰ ਇਹ ਜਾਣ ਕੇ ਮੈਂ ਹੋਰ ਵੀ ਦੁਖੀ ਹੋਈ ਕਿ ਉਹ ਉਥੇ ਕਿਸੇ ਗੋਰੀ ਨਾਲ ਬਲਾਤਕਾਰ ਦੇ ਜੁਰਮ ਵਿਚ ਜੇਲ ਕਿਵ ਬੈਠਾ ਸਜ਼ਾ ਭੁਗਤ ਰਿਹਾ ਸੀ। ਹਰ ਪਾਸਿਉਂ ਮਿਲੀ ਨਿਰਾਸ਼ਾ ਨੇ ਪਿਉ ਜਿਹੀ ਉਮਰ ਦੇ ਬਾਬੇ ਦੀ ਰਖੇਲ ਬਣਾ ਕੇ ਜਿਊਣ ਲਈ ਮੈਨੂੰ ਮਜਬੂਰ ਕਰ ਦਿਤਾ ਸੀ ਅਤੇ ਡੇਰੇ ਦੇ ਕਈ ਮਨਚਲੇ ਸੇਵਾਦਾਰ ਮੈਨੂੰ ਦੱਲੀ ਕੀ ਕਹਿਣ ਲੱਗ ਪਏ ਸਨ।"

"ਸੀਮਾ...!" ਉਸ ਦੀ ਮਜਬੂਰੀ ਨੂੰ ਜਾਣਦਿਆਂ ਹੋਇਆਂ ਵੀ ਮੈਂ ਕਿਹਾ, "ਤੈਨੂੰ ਇਹ ਗੱਲ ਕਿਵੇਂ ਨਾ ਕਿਵੇਂ ਸਰਕਾਰੇ ਦਰਬਾਰੇ ਵੀ ਪਹੁੰਚਉਣੀ ਚਾਹੀਦੀ ਸੀ।"

"ਵੀਰ ਜੀ, ਇਕ ਵੇਰਾਂ ਮੈਂ ਪਿੰਡ ਦੇ ਸਰਪੰਚ ਤਕ ਪਹੁੰਚ ਕਰਨ ਦਾ ਯਤਨ ਵੀ ਕੀਤਾ, ਪਰ ਬਾਬੇ ਦੇ ਗੁੰਡਿਆਂ ਨੇ ਮੈਨੂੰ ਨੰਗੀ ਕਰ ਕੇ ਡੇਰੇ ਵਿਚ ਘੁਮਾਉਣ ਦੀ ਧਮਕੀ ਦਿਤੀ। ਮੇਰਾ ਮੂੰਹ ਤਾਂ ਬੰਦ ਹੋ ਗਿਆ, ਪਰ ਮੇਰੇ ਦਿਲ ਦੀ ਕਿਸੇ ਪਰਤ ਹੇਠ ਬਾਬੇ ਤੋਂ ਬਦਲਾ ਲੈਣ ਦੀ ਚਿੰਗਾਰੀ ਮੱਘ ਉਠੀ। ਇਕ ਦਿਨ ਰਾਜਸਥਾਨ ਤੋਂ ਕੋਈ ਲੜਕੀ ਪੁੱਤਰ ਦੀ ਅਭਿਲਾਸ਼ਾ ਲੈ ਕੇ ਡੇਰੇ 'ਤੇ ਆਈ। ਮੈਂ ਗੁਫ਼ਾ ਅੰਦਰ ਅਖੰਡੀ ਸਮਾਧੀ ਲਾਈ ਬੈਠੇ ਬਾਬੇ ਨੂੰ ਸੂਚਿਤ ਕੀਤਾ ਤਾਂ ਉਸ ਨੇ ਕਿਹਾ, 'ਇਹ ਲੰਮੇ ਸਫ਼ਰ ਤੋਂ ਆਏ ਨੇ ਸੀਮਾ, ਇਨ੍ਹਾਂ ਨੂੰ ਆਰਾਮ ਕਰਨ ਲਈ ਕਮਰਾ ਦਿਉ।' ਬਾਬੇ ਨੇ ਉਨ੍ਹਾਂ ਬਾਰੇ ਹਦਾਇਤਾਂ ਦਿੰਦਿਆਂ ਇਸ਼ਾਰੇ ਨਾਲ ਮੈਨੂੰ ਕੋਲ ਸੱਦ ਕੇ ਸਮਝਾਇਆ, 'ਲੜਕੀ ਨੂੰ ਸੁਰਜ ਅਸਤ ਹੋਣ ਤੋਂ ਸਵਾ ਘੰਟਾ ਪਿੱਛੋਂ ਦਾਰ ਦਿਤੀ ਜਾਵੇਗੀ।'

"ਜਦ ਸਾਰੇ ਸਰੀਜ਼ ਅਤੇ ਸ਼ਰਧਾਲੂ ਚਲੇ ਗਏ ਤਾਂ ਉਸ ਲੜਕੀ ਨੂੰ ਗੁਫ਼ਾ ਅੰਦਰ ਬੁਲਾਇਆ ਗਿਆ ਅਤੇ ਮੈਨੂੰ ਸੰਤ ਭਾਂਤੇ ਵਰਮੰਡਤਾ ਤੋਂ ਸੰਤ-ਸੰਤ ਪੰਤੇ ਤੋਡ ਕੇ ਲਿਆਉਣ ਲਈ ਕਹਿਆ ਗਿਆ। ਮੈਂ ਵਾਪਸ ਆ ਕੇ ਜੋ ਕੁੱਝ ਵੇਖਿਆ, ਵੀਰ ਜੀ ਉਹ ਸੋਚ ਦਸਦਿਆਂ ਮੈਨੂੰ ਸ਼ਰਮ ਆ ਰਹੀ ਏ.... ਲੜਕੀ ਦੇ ਮੂੰਹ ਵਿਚ ਤੁੰਨਿਆ ਹੋਇਆ ਕਪੜਾ, ਉਸ ਦੇ ਰੌਣ ਤੇ ਗਲੇਜ਼ ਅਤੇ ਬਾਬੇ ਵਲੋਂ ਡਰਾਉਣ ਲਈ ਕੋਲ ਰਖਿਆ ਹੋਇਆ ਕਮਾਨੀਦਾਰ ਚਾਕੂ ਵੇਖ ਕੇ ਮੇਰੇ ਸਬਰ ਦੀ ਸੀਮਾ ਦਾ ਜਿਵੇਂ ਬੰਨ੍ਹ ਟੁੱਟ ਗਿਆ। ਪੀੜਤ ਲੜਕੀ ਨੂੰ ਉਸ ਕੋਲੋਂ ਛੁਡਾਉਣ ਦੇ ਮੈਂ ਪੂਰੀ ਵਾਹ ਲਾਈ, ਪਰ ਉਸ ਨੇ ਮੈਨੂੰ ਧੱਕਾ ਦੇ ਕੇ ਪਰੇ ਸੁੱਟ ਦਿਤਾ। ਲੜਕੀ ਦੀ ਬੁਰੀ ਹਾਲਤ ਵੇਖ ਕੇ ਮੇਰੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਮੈਂ ਜਿਵੇਂ ਚੰਡੀ ਦਾ ਰੂਪ ਧਾਰ ਲਿਆ ਸੀ। ਮੈਂ ਫੌਰੀ ਦੀ ਨੰਗੀ ਪਿੰਠ 'ਤੇ ਉਸੇ ਦੇ ਚਾਕੂ ਨਾਲ ਵਾਰ ਕਰਨੇ ਸ਼ੁਰੂ ਕਰ ਦਿਤੇ। ਖ਼ੂਨ ਦੀਆਂ ਤਤੀਰੀਆਂ ਵੇਖ ਕੇ ਡਮੋਰੂ ਹੋਈ ਪੁਲੇਸਣ ਕੁੜੀ ਉਸ ਦੇ ਚੁੰਗਲ 'ਚੋਂ ਨਿਕਲ ਕੇ ਕੰਧ ਨਾਲ ਜਾ ਵੱਜੀ ਅਤੇ ਅਪਣੇ ਕਪੜੇ ਠੀਕ ਕਰਨ ਲੱਗ ਪਈ ਸੀ। ਦੁਸ਼ਟ ਬਾਬੇ ਨੇ ਡਾਢਾ ਜ਼ਖ਼ਮੀ ਹੋਣ ਦੇ ਬਾਵਜੂਦ ਮੇਰੇ ਕੋਲੋਂ ਚਾਕੂ ਖੋਹ ਕੇ ਮੈਨੂੰ ਕੋਠੇ ਵਿਚ ਬੰਦ ਕਰ ਦਿਤਾ ਸੀ। ਮੈਂ ਕੋਠੇ ਦੀ ਬਾਰੀ ਰਾਹੀਂ ਬਾਹਰ ਨਿਕਲ ਆਈ। ਰਾਤ ਦੇ ਹਨੇਰੇ ਵਿਚ ਛੁਪਦੀ-ਛੁਪਾਉਂਦੀ ਮੈਂ ਕਿਸ਼ਨਪੁਰੇ ਦੇ ਬੱਸ ਅੱਡੇ ਕੋਲ ਆ ਕੇ ਰਾਤ ਭਰ ਖੇਤਾਂ ਵਿਚ ਲੁਕੀ ਰਹੀ, ਜਿਥੋਂ ਮੈਂ ਸਵੇਰੇ ਬਠਿੰਡੇ ਜਾਣ ਵਾਲੀ ਬੱਸ ਫੜ ਲਈ। ਉਸੇ ਬੱਸ ਵਿਚ ਤੁਸੀ ਲੁਧਿਆਣਿਉਂ ਚੜ੍ਹੇ ਸੀ।" ਏਨਾ ਕਹਿੰਦਿਆਂ ਸੀਮਾ ਜ਼ੋਰ-ਜ਼ੋਰ ਦੀ ਰੋਣ ਲੱਗ ਪਈ।

"ਭੋਰੇ ਵਰਗੇ ਪਾਪੀ ਨੂੰ ਮਾਰ ਮੁਕਾ ਕੇ ਤੂੰ ਕੋਈ ਪਾਪ ਨਹੀਂ ਕੀਤਾ। ਕਦੇ ਨਾ ਕਦੇ ਤੇ ਕਿਸੇ ਨਾ ਕਿਸੇ ਨੂੰ ਤਾਂ ਇਹ ਕੌੜਾ ਘੁੱਟ ਭਰਨਾ ਹੀ ਪੈਣਾ ਸੀ। ਰੋਣ-ਧੋਣ ਨਾਲ ਨਸੀਬ ਨਹੀਂ ਬਦਲਦੇ ਹੁੰਦੇ। ਹਸੀਆਂ ਨਾਲ ਹੀ ਸੌਂਝ ਹਸਦੇ ਨੇ, ਰੋਂਦੇ ਨਾਲ ਕੋਈ ਨਹੀਂ ਰੋਇਆ ਕਰਦਾ। ਸੀਮਾ ਹਿੰਮਤ ਨਾਲ ਟਾਕਰਾ ਕਰਿਆ ਹੀ ਅਜਿਹੇ ਸਮਾਜਕ ਕੋਹੜ ਤੋਂ ਛੁਟਕਾਰਾ ਮਿਲ ਸਕਦਾ ਹੈ। ਤੇਰੇ ਵਰਗੀਆਂ ਭੋਲੀਆਂ ਭਾਲੀਆਂ ਅੱਲ੍ਹੜ ਕੰਜਕਾਂ ਨੂੰ ਬੰਦਿਆਂ ਦੇ ਭੇਸ ਵਿਚ ਬਣੇ ਬੈਠੇ ਰੌਂਢਾ ਪੁਤੀ ਅੰਨ੍ਹੇ ਸ਼ਰਧਾ ਦੇ ਪੁਜਾਰ ਹੇਠ ਤਨ-ਮਨ ਸਮਪਪਤ ਕਰ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ ਪੋਣਾ ਸੀ। ਜੇ ਸਰਸਾ ਜਿਆਦਤੀ ਹੋਈ ਹੈ, ਪਾਪ ਹੈ ਅਨਿਆਂ ਵੀ।"

"ਠੀਕ ਹੈ। ਮੈਂ ਤੇਰੇ ਅੱਥਰੂਆਂ ਦੇ ਵਹਿਣ ਨੂੰ ਰੁਕ ਜਾਣ ਲਈ ਨਹੀਂ ਆਖਾਂਗਾ। ਅਜਿਹੇ ਖਾਰੇ ਪਾਣੀ ਜੇ ਕਿਧਰੇ ਮੁਸਲਾਧਰ ਬਣ ਜਾਣ ਤਾਂ ਆਲ-ਫ਼ਾਨ ਨਾਲ ਰਹਿਣ ਵਾਲੇ ਜਿਗਰਿਟ ਰੂਪੀ ਰਾਵਣਾਂ ਵਲੋਂ ਫੈਲਾਇਆ ਜਾਣ ਵਾਲਾ ਸਮਾਜਕ ਜੰਦ ਧੋਤਾ ਜਾ ਸਕਦਾ ਹੈ।"

"ਵੀਰ ਜੀ। ਮੇਰਾ ਤਾਂ ਹੁਣ..... ਨਾ ਅੱਗਾ ਰਿਹਾ ਨਾ ਪਿੱਛਾ। ਉਮਰ ਭਰ ਬਦਚਲਣ ਅਘਵਾ ਕੇ ਸ਼ਰਮਸਾਰ ਹੋਣ ਨਾਲੋਂ ਤਾਂ ਮੇਰੇ ਲਈ ਮਰ ਜਾਣਾ ਹੀ ਚੰਗੈ।"

"ਸੀਮਾ, ਮੈਂ ਤੈਨੂੰ ਮਰਨ ਨਹੀਂ ਦਿਆਂਗਾ, ਤੇਰੇ ਵਰਗੀਆਂ ਦਲੇਰ ਕੁੜੀਆਂ ਦੀ ਜਿਨੇ-ਜਿਨ ਨਿਘਦਰੇ ਜਾ ਰਹੇ ਸਮਾਜ ਨੂੰ ਨਵੀਂ ਸੇਧ ਦੇ ਕੇ ਬਚਾਉਣ ਦੀ ਲੋੜ ਏ ਤਾਕਿ ਅਜਿਹੇ ਘਿਨਾਉਣੇ ਕੰਮ ਕਰਨ ਵਾਲੇ ਬੁਜ਼ਦਿਲਾਂ ਨੂੰ ਕਟਹਿਰਿਆਂ ਵਿਚ ਖੜਾ ਕੀਤਾ ਜਾ ਸਕੇ।"

"ਵੀਰ ਜੀ, ਮੈਂ ਜਾਣਦੀ ਹਾਂ ਕਿ ਕਟਹਿਰਿਆਂ ਵਿਚ ਵੀ ਤੁਹਾਡੇ ਡਾਲੀਚਾ ਵਲੋਂ ਮੇਰੇ ਹੀ ਚਰਿੱਤਰ ਸਬੰਧੀ ਅਸ਼ਲਿਲ ਸਵਾਲ ਪੁੱਛ-ਪੁੱਛ ਕੇ ਮੈਨੂੰ ਹੋਰ ਵੀ ਜਲੀਲ ਕੀਤਾ ਜਾਵੇਗਾ.... ਮੈਂ ਅਜਾਗਰ ਹੁਣ ਜੀਅ ਕੇ ਵੀ ਕੀ ਕਰਾਂਗੀ ?"

ਸਿਸਕੀਆਂ ਨਾਲ ਡਿੱਗੇ ਹੰਝੂ ਸੀਮਾ ਦੇ ਅੱਥਰੂ ਵੇਖ ਕੇ ਡਾਢੇ ਮੰਗੀਆਂ ਅੱਖਾਂ ਵੀ ਸਿੱਲ੍ਹੀਆਂ ਹੋਣ ਲੱਗ ਪਈਆਂ ਸਨ। ਫਿਰ ਵੀ ਝੁੰਲ ਵਿਚ ਲੀਂਦਿਆਂ ਮੈਂ ਉਸ ਨੂੰ ਕਿਹਾ, "ਅਗਾਹਣਾਂ ਤਾਂ ਉਹ ਹਨ ਜੋ ਅਜਿਹੇ ਨਰਕ ਕੁੰਡਾਂ ਵਿਚ ਰਹਿ ਕੇ ਨਿਰਾ ਰਾਤਾਂ ਨੂੰ ਮਰਦੀਆਂ ਨੇ ਤੇ ਦਿਨ ਚੜ੍ਹੇ ਮੁੜ ਜੀਵਤ ਹੋ ਜਾਂਦੀਆਂ ਨੇ।"

(ਸਮਾਪਤ)

ਭੁੱਲਰ ਹਾਊਸ, ਧਨੌਲਾ ਰੋਡ, ਬਰਨਾਲਾ।
ਮੋਬਾਈਲ : 95013-80025

ਮਿੰਨੀ ਕਹਾਣੀਆਂ

ਪਛਾਣ

ਉਨ੍ਹਾਂ ਦੀ ਸ਼ਾਦੀ ਤਕ ਮਿਲਣੀ ਦੌਰਾਨ ਅਕਸਰ ਉਸ ਲੇਖਕ ਦੀਆਂ ਰਚਨਾਵਾਂ ਬਾਰੇ ਵਿਚਾਰ ਵਟਾਂਦਰਾ ਹੁੰਦਾ। ਉਹ